OIPRD

ਸੁਤੰਤਰ ਪੁਲਿਸ ਰਿਵਿਊ ਡਾਈਰੈਕਟਰ
ਦਾ ਦਫਤਰ (OIPRD)

ਸਾਡੇ ਨਾਲ ਗੱਲ ਕਰੋ

ਜੇਕਰ ਸ਼ਕਾਇਤ ਫਾਰਮ ਭਰਨ ਵਿੱਚ ਮੈਨੂੰ ਤਕਲੀਫ ਹੋਵੇ ਤਾਂ?

ਜੇਕਰ ਤੁਹਾਨੂੰ OIPRD ਤੱਕ ਪਹੁੰਚਣ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਅਸੀਂ ਸ਼ਕਾਇਤ ਫਾਰਮ ਪੂਰਾ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਾਂ। ਪਰ, ਸ਼ਕਾਇਤ ਬਾਰੇ ਅਸੀਂ ਤੁਹਾਨੂੰ ਕੋਈ ਵੀ ਸਲਾਹ ਨਹੀਂ ਦੇ ਸਕਦੇ ਹਾਂ। ਜੇਕਰ ਤੁਸੀਂ ਆਪਣੀ ਸ਼ਕਾਇਤ ਬਾਰੇ ਕਿਸੇ ਨਾਲ ਗੱਲਬਾਤ ਕਰਨਾ ਚਾਹੁੰਦੇ ਹੋ, ਤਾਂ ਕਈ ਕਮਿਊਨਿਟੀ ਵਰਗ ਅਤੇ ਕਨੂੰਨੀ ਕਲਿਨਿਕ ਮਦਦ ਦੇ ਸਕਦੇ ਹਨ। ਆਪਣੇ ਖੇਤਰ ਵਿੱਚ ਕਲਿਨਿਕਾਂ ਅਤੇ ਕਮਿਊਨਿਟੀ ਵਰਗਾਂ ਦੀ ਸੂਚੀ ਲਈ ਕ੍ਰਿਪਾ ਕਰਕੇ ਸਾਡੀ ਵੈੱਬਸਾਈਟ 'ਤੇ ਉਪਯੋਗੀ ਲਿੰਕਸ (Useful Links) ਦਾ ਸਫਾ ਦੇਖੋ।

ਜੇਕਰ ਅੰਗਰੇਜ਼ੀ/ਫਰੈਂਚ ਮੇਰੀ ਪਹਿਲੀ ਭਾਸ਼ਾ ਨਹੀਂ ਹੈ ਤਾਂ?

OIPRD ਸਿਰਫ ਅੰਗਰੇਜ਼ੀ ਅਤੇ ਫਰੈਂਚ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ। ਜੇਕਰ ਤੁਹਾਨੂੰ OIPRD ਦੇ ਸ਼ਿਕਾਇਤ ਫਾਰਮ ਭਰਨ ਜਾਂ ਉਸਦੇ ਨਾਲ ਪੱਤਰ ਵਿਹਾਰ ਕਰਨ ਲਈ ਅਨੁਵਾਦਕ ਦੀ ਮਦਦ ਚਾਹੀਦੀ ਹੈ, ਤਾਂ ਤੁਹਾਨੂੰ ਉਸਦਾ ਪ੍ਰਬੰਧ ਆਪ ਹੀ ਕਰਨਾ ਪਵੇਗਾ। ਅਨੁਵਾਦਕ ਲੱਭਣ ਵਿੱਚ ਸਹਾਇਤਾ ਲਈ ਕ੍ਰਿਪਾ ਕਰਕੇ ਸਾਡੀ ਵੈੱਬਸਾਈਟ ਦਾ ਉਪਯੋਗੀ ਲਿੰਕਸ (Useful Links) ਦਾ ਸਫਾ ਦੇਖੋ।

ਮੈਂ ਸ਼ਕਾਇਤ ਕਦੋਂ ਦਰਜ ਕਰ ਸਕਦਾ ਹਾਂ, ਕੀ ਉਸਦੀ ਕੋਈ ਸਮ੍ਹਾਂ ਸੀਮਾ ਹੈ?

ਸ਼ਕਾਇਤ ਵਾਲੀ ਘਟਨਾ ਦੇ ਛੇ ਮਹੀਨੇ ਦੇ ਅੰਦਰ ਸ਼ਕਾਇਤ ਦਰਜ ਕੀਤੀ ਜਾਣੀ ਚਾਹੀਦੀ ਹੈ।

ਕੀ ਸ਼ਕਾਇਤ ਦਰਜ ਕਰਨ ਲਈ ਮੈਨੂੰ ਵਕੀਲ ਦੀ ਜ਼ਰੂਰਤ ਪਵੇਗੀ?

ਨਹੀਂ। ਸ਼ਕਾਇਤ ਦਰਜ ਕਰਨ ਲਈ ਕਿਸੇ ਵਕੀਲ ਜਾਂ ਕਿਸੇ ਹੋਰ ਪ੍ਰਕਾਰ ਦੇ ਪ੍ਰਤੀਨਿਧੀ ਦੀ ਤੁਹਾਨੂੰ ਜ਼ਰੂਰਤ ਨਹੀਂ ਹੈ, ਪਰ ਤੁਸੀਂ ਕਿਸੇ ਤੋਂ ਸਹਾਇਤਾ ਲੈ ਸਕਦੇ ਹੋ।

ਕੀ ਮੈਂ ਗੁਮਨਾਮ ਸ਼ਕਾਇਤ ਦਰਜ ਕਰ ਸਕਦਾ ਹਾਂ?

ਨਹੀਂ। ਗੁਮਨਾਮ ਸ਼ਕਾਇਤ ਸਵੀਕਾਰ ਨਹੀਂ ਕੀਤੀ ਜਾਵੇਗੀ। ਉਚਿਤ ਅਤੇ ਪਾਰਦਰਸ਼ੀ ਕਾਰਵਾਈ ਪ੍ਰਦਾਨ ਕਰਨ ਲਈ, ਸ਼ਕਾਇਤ ਦਰਜ ਕਰਨ ਵਾਲਿਆਂ ਲਈ ਜ਼ਰੂਰੀ ਹੋਵੇਗਾ ਕਿ ਉਹ ਸ਼ਕਾਇਤ ਪੇਸ਼ ਕਰਨ ਵੇਲੇ ਆਪਣੀ ਪਹਿਚਾਣ ਦੇਣ ਅਤੇ OIPRD ਸ਼ਕਾਇਤ ਫਾਰਮ 'ਤੇ ਦਸਤਾਖਰ ਕਰਨ।

ਸੁਤੰਤਰ ਪੁਲਿਸ ਰਿਵਿਊ ਡਾਈਰੈਕਟਰ ਦਾ ਦਫਤਰ (OIPRD)

OIPRD, ਓਨਟਾਰੀਓ ਮਨਿਸਟਰੀ ਆਫ ਦੀ ਅਟਰਨੀ ਜਨਰਲ ਦੀ ਇੱਕ ਅੱਲਗ ਏਜੰਸੀ ਹੈ ਜਿੱਥੇ ਸਿਰਫ ਆਮ ਨਾਗਰਿਕ ਹੀ ਕੰਮ ਕਰਦੇ ਹਨ। ਇਸ ਦਾ ਮਤਲਬ ਇਹ ਹੋਇਆ ਕਿ ਸਾਡੇ ਫੈਸਲੇ ਸੁਤੰਤਰ ਹੁੰਦੇ ਹਨ, ਅਤੇ ਅਸੀਂ ਸਰਕਾਰ, ਪੁਲਿਸ ਅਤੇ ਕਮਿਊਨਿਟੀ ਤੋਂ ਵੱਖਰੇ ਹਾਂ। OIPRD, ਓਨਟਾਰੀਓ ਪੁਲਿਸ ਦੇ ਖਿਲਾਫ ਜੰਤਾ ਦੀਆਂ ਸ਼ਕਾਇਤਾਂ ਨੂੰ ਸਵੀਕਾਰ ਕਰਨ, ਉਹਨਾਂ 'ਤੇ ਕਾਰਵਾਈ ਕਰਨ ਅਤੇ ਜਾਂਚ-ਪੜਤਾਲ 'ਤੇ ਧਿਆਨ ਰੱਖਣ ਲਈ ਇੱਕ ਵਾਸਤਵਿਕ, ਨਿਰਪੱਖ ਦਫਤਰ ਪ੍ਰਦਾਨ ਕਰਦਾ ਹੈ। ਕੁਝ ਮਾਮਲਿਆਂ ਵਿੱਚ ਅਸੀਂ ਸ਼ਕਾਇਤ ਦੀ ਜਾਂਚ ਵੀ ਕਰਾਂਗੇ।

OIPRD ਨਿਸ਼ਚਿਤ ਕਰਦਾ ਹੈ ਕਿ ਓਨਟਾਰੀਓ ਦੀ ਪੁਲਿਸ ਦੇ ਖਿਲਾਫ ਜੰਤਾ ਦੀਆਂ ਸ਼ਕਾਇਤਾਂ 'ਤੇ ਇਸ ਪ੍ਰਕਾਰ ਨਾਲ ਕਾਰਵਾਈ ਹੋਵੇ ਜੋ ਪਾਰਦਰਸ਼ੀ, ਉਚਿਤ, ਨਿਪੁੰਨ ਅਤੇ ਪ੍ਰਭਾਵਸ਼ਾਲੀ ਹੋਵੇ।

ਅਜਿਹਾ ਕਰਨ ਲਈ ਅਸੀਂ ਜੰਤਾ ਦੀਆਂ ਸ਼ਕਾਇਤਾਂ 'ਤੇ ਕਾਰਵਾਈ ਦੇ ਮਾਪ-ਦੰਡ ਅਤੇ ਕਾਰਜ-ਪ੍ਰਣਾਲੀਆਂ ਨਿਸ਼ਚਿਤ ਕਰਦੇ ਹਾਂ। ਇਹ ਨਿਸ਼ਚਿਤ ਕਰਨ ਲਈ ਕਿ ਪੂਰੇ ਓਨਟਾਰੀਓ ਵਿੱਚ ਜੰਤਾ ਦੀਆਂ ਸ਼ਿਕਾਇਤਾਂ ਦੀ ਪ੍ਰਣਾਲੀ ਇੱਕ ਸਮਾਨ ਹੋਵੇ, OIPRD ਅਤੇ ਪੁਲਿਸ, ਦੋਵੇਂ ਹੀ ਇੱਕ ਜਿਹੇ ਮਾਪ-ਦੰਡਾਂ ਅਤੇ ਕਾਰਜ-ਪ੍ਰਣਾਲੀਆਂ ਦੀ ਪਾਲਣਾ ਕਰਦੇ ਹਨ।

ਮੈਂ ਆਪਣੀ ਸ਼ਕਾਇਤ ਕਿਸ ਤਰ੍ਹਾਂ ਦਰਜ ਕਰਵਾਵਾਂ?

ਓਨਟਾਰੀਓ ਵਿੱਚ ਕਿਸੇ ਵੀ ਅਫਸਰ ਦੇ ਵਿਵਹਾਰ ਜਾਂ, ਕਿਸੇ ਵੀ ਮਿਊਨਿਸੀਪਲ ਖੇਤਰੀ ਜਾਂ ਪ੍ਰਾਂਤ ਦੀ ਪੁਲਿਸ-ਸੇਵਾ ਦੀ ਸੇਵਾਵਾਂ ਜਾਂ ਨੀਤੀਆਂ ਬਾਰੇ ਤੁਸੀਂ ਅੰਗਰੇਜ਼ੀ ਜਾਂ ਫਰੈਂਚ ਵਿੱਚ ਸ਼ਕਾਇਤ ਦਰਜ ਕਰ ਸਕਦੇ ਹੋ। ਸਾਰੀਆਂ ਸ਼ਕਾਇਤਾਂ OIPRD ਸ਼ਕਾਇਤ ਫਾਰਮ 'ਤੇ ਹੋਣੀਆਂ ਚਾਹੀਦੀਆਂ ਹਨ ਅਤੇ ਉਸ 'ਤੇ ਸ਼ਕਾਇਤ ਕਰਤਾ ਦੇ ਦਸਤਾਖਰ ਹੋਣੇ ਚਾਹੀਦੇ ਹਨ।

OIPRD ਦੇ ਨਾਲ ਤੁਸੀਂ ਆਪਣੀ ਸ਼ਕਾਇਤ ਸਾਡੀ ਵੈੱਬਸਾਈਟ 'ਤੇ, ਫੈਕਸ ਦੁਆਰਾ ਜਾਂ ਸਾਡੇ ਦਫਤਰ ਵਿੱਚ ਵਿਅਕਤੀਗਤ ਰੂਪ ਵਿੱਚ ਦਰਜ ਕਰ ਸਕਦੇ ਹੋ। ਸ਼ਕਾਇਤ ਫਾਰਮ, OIPRD ਵਿੱਚ, ਸਾਰੇ ਸਰਵਿਸ ਓਨਟਾਰੀਓ ਸਥਾਨਾਂ ਵਿੱਚ, ਸਾਰੇ ਪੁਲਿਸ ਸਟੇਸ਼ਨਾਂ ਅਤੇ ਕਈ ਕਮਿਊਨਿਟੀ ਸੈਂਟਰਜ਼ ਅਤੇ ਕਨੂੰਨੀ ਕਲਿਨਿਕਾਂ ਵਿੱਚ ਉਪਲਬਧ ਹਨ।

ਤੁਸੀਂ ਆਪਣੇ ਪੂਰੇ ਕੀਤੇ OIPRD ਸ਼ਕਾਇਤ ਫਾਰਮ ਨੂੰ ਕਿਸੇ ਵੀ ਮਿਊਨਿਸੀਪਲ, ਖੇਤਰੀ ਜਾਂ ਪ੍ਰਾਂਤ ਦੇ ਪੁਲਿਸ ਸਟੇਸ਼ਨ ਵਿੱਚ ਵੀ ਦਰਜ ਕਰ ਸਕਦੇ ਹੋ। ਪੁਲਿਸ ਸਰਵਿਸ ਉਸ ਸ਼ਕਾਇਤ ਨੂੰ ਰਿਕਾਰਡ ਕਰੇਗੀ ਅਤੇ ਉਸਨੂੰ ਅੱਗੇ OIPRD ਨੂੰ ਭੇਜੇਗੀ।

ਸ਼ਕਾਇਤ ਦਰਜ ਕਰਨ ਦੇ ਬਾਰੇ ਵਧੇਰੇ ਵਿਸਤਾਰਤ ਜਾਣਕਾਰੀ ਲਈ ਕ੍ਰਿਪਾ ਕਰਕੇ ਸਾਡੀ ਵਿਰਣਕਾ ਦੇਖੋ, ਜਿਸ ਦਾ ਸਿਰਲੇਖ ਹੈ *ਕਦਮ-ਦਰ-ਕਦਮ: ਪੁਲਿਸ ਦੇ ਖਿਲਾਫ ਸ਼ਕਾਇਤ ਕਿਸ ਤਰ੍ਹਾਂ ਦਰਜ ਕੀਤੀ ਜਾਵੇ ।*

OIPRD ਦੀ ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ **www.oiprd.on.ca** ਦੇਖੋ।

OIPRD
ਸੁਤੰਤਰ ਪੁਲਿਸ ਰਿਵਿਊ ਡਾਈਰੈਕਟਰ ਦਾ ਦਫਤਰ (OIPRD)

ਸਾਡੇ ਨਾਲ ਡਾਕ ਦੁਆਰਾ ਜਾਂ ਵਿਅਕਤੀਗਤ ਰੂਪ ਵਿੱਚ ਸੰਪਰਕ ਕਰਨ ਲਈ:

ਸੁਤੰਤਰ ਪੁਲਿਸ ਰਿਵਿਊ ਡਾਈਰੈਕਟਰ ਦਾ ਦਫਤਰ
655 ਬੇ ਸਟ੍ਰੀਟ, 10ਵੀਂ ਮੰਜ਼ਲ
ਟਰਾਂਟੋ, ਓਨਟਾਰੀਓ
M5G 2K4

ਜੇਕਰ ਤੁਸੀਂ OIPRD ਨੂੰ ਡਾਕ ਭੇਜ ਰਹੇ ਹੋ ਤਾਂ ਤੁਹਾਨੂੰ ਬਿਹਤਰ ਸੇਵਾ ਪ੍ਰਦਾਨ ਕਰਨ ਵਿੱਚ ਸਾਡੀ ਮਦਦ ਲਈ ਕ੍ਰਿਪਾ ਕਰਕੇ ਉਸਨੂੰ ਹੇਠ ਲਿਖਤ ਵਿੱਚੋਂ ਕਿਸੇ ਇੱਕ ਨੂੰ ਸੰਬੋਧਨ ਕਰੋ:

- ਕੰਪਲੇਂਟਸ
- ਰਿਵਿਊਜ਼
- ਲੋਕਲ ਰੇਜ਼ੋਲਿਊਸ਼ਨ
- ਕੇਸ ਮੈਨੇਜਮੈਂਟ
- ਇਨਵੈਸਟੀਗੇਸ਼ਨਜ਼
- ਆਊਟ ਰੀਚ ਐਂਡ ਏਜੁਕੇਸ਼ਨ
- ਜਨਰਲ ਇਨਕੁਏਰੀ
- ਫਰੀਡਮ ਆਫ ਇਨਫਰਮੇਸ਼ਨ ਰਿਕੁਏਸਟ
- ਮੀਡੀਆ ਰਿਲੇਸ਼ਨਜ਼।

ਤੁਸੀਂ OIPRD ਤੋਂ ਹੇਠ ਲਿਖੇ ਦੁਆਰਾ ਵੀ ਸੰਪਰਕ ਕਰ ਸਕਦੇ ਹੋ:

ਟੋਲ-ਫਰੀ ਫੋਨ: **1-877-411-4773**
ਲੋਕਲ ਫੋਨ: **416-246-7071**
ਟੀ.ਟੀ.ਵਾਈ.: **1-877-414-4773**
ਟੋਲ-ਫਰੀ ਫੈਕਸ: **1-877-415-4773**
ਲੋਕਲ ਫੈਕਸ: **416-327-8332**
ਵੈੱਬਸਾਈਟ: **www.oiprd.on.ca**

ਕੀ ਤੁਹਾਡੇ ਕੋਈ ਸਵਾਲ ਹਨ? ਸਾਡੀ ਵੈੱਬਸਾਈਟ 'ਤੇ ਜ਼ਿਆਦਾਤਰ ਪੁੱਛੇ ਜਾਣ ਵਾਲੇ ਸਵਾਲ (FAQ) ਸਫੇ ਨੂੰ ਦੇਖੋ ਜਾਂ ਸਾਡੇ ਨਾਲ **OIPRD@ontario.ca** 'ਤੇ ਸੰਪਰਕ ਕਰੋ। ਸਾਰੀਆਂ ਸ਼ਕਾਇਤਾਂ OIPRD ਦੇ ਫਾਰਮ 'ਤੇ ਦਰਜ ਕਰਨੀਆਂ ਜ਼ਰੂਰੀ ਹਨ।

PUNJABI